[illegible]

# ਨਹੀਂ ਪੇਸ਼ ਕਰਨੀ ਜੀ

"ਹੁਣ ਤੇ ਰਾਤ ਇਥੇ ਹੀ ਆਈ"

"ਹੋਰ ਤੇ ਕੋਈ ਨਹੀਂ, ਘਰ ਮੁਰਗਾ ਬਣਿਆ ਪਿਆ ਸੀ"

"ਲੈ ਇਸ ਨੂੰ ਮੁਰਗੇ ਦੀ ਪਈ ਹੋਈ ਏ, ਅਸੀਂ ਸਵੇਰੇ ਜਲੰਧਰ ਪੁਜਣਾ ਸੀ, ਜੇ ਰਾਤ ਅੰਬਾਲੇ ਨ ਪੁਜੇ ਤਾਂ ਲਹਿਣਾ ਸਿੰਘ ਤੜਕੇ ਹੀ ਨਿਕਲ ਜਾਵੇਗਾ।"

"ਜਲੰਧਰ ਤਾਂ ਇਤਨਾਂ ਜ਼ਰੂਰੀ ਕੰਮ ਨਹੀਂ, ਪਰ ਹੁਸ਼ਿਆਰਪੁਰ ਪੁਜ ਕੇ ਕਾਂਗਰਸੀਆਂ ਤੇ ਡਿਪਟੀ ਕਮਿਸ਼ਨਰ ਦਾ ਝਗੜਾ ਮੁਕਾਣਾ ਜ਼ਰੂਰੀ ਏ, ਦਿਨ ਸਾਡੇ ਪਾਸ ਕਲ ਦਾ ਹੀ ਹੈ। ਪਰਸੋਂ ਛੇ ਤ੍ਰੀਕ ਅਸੰਬਲੀ ਦੀ ਬੈਠਕ ਵਿਚ ਮੇਰਾ ਪੁਜਣਾ ਜ਼ਰੂਰੀ ਏ, ਮੇਰੀਆਂ ਕੁਝ ਤਰਮੀਮਾਂ ਹਨ।"

ਮੋਟਰ ਪੰਚਰ ਹੋ ਜਾਣ ਕਰਕੇ ਅੰਬਾਲੇ ਤੋਂ ਅਠਾਰਵੇਂ ਮੀਲ ਪੁਰ, ਕਾਲਕਾ ਵਾਲੀ ਸੜਕ ਤੇ ਖਲੋਤੇ ਜੀਤ ਸਿੰਘ, ਗੁਰਨਾਮ ਸਿੰਘ,

ਗੁਰਮੁਖ ਸਿੰਘ ਤੇ ਨੰਦ ਲਾਲ ਆਪਸ ਵਿਚ ਜ਼ਬਾਨ ਨਾਲ ਤਾਂ ਇਹ ਗੱਲਾਂ ਕਰ ਰਹੇ ਹਨ, ਪਰ ਉਨ੍ਹਾਂ ਦੀਆਂ ਅੱਖਾਂ ਸੜਕ ਦੇ ਦੋਹੀਂ ਪਾਸੀਂ ਦੂਰ ਹਨੇਰੇ ਅੰਦਰ ਕਿਸੇ ਰੋਸ਼ਨੀ ਦੀ ਢੂੰਡ ਵਿਚ ਹਨ। ਸੜਕ ਦੀ ਸੇਧੇ ਹਨੇਰੇ ਵਿਚ ਚਮਕਦਾ ਹਰ ਇਕ ਤਾਰਾ ਇਨ੍ਹਾਂ ਨੂੰ ਕਿਸੇ ਮੋਟਰ ਲਾਰੀ ਦੀ ਬੱਤੀ ਦਾ ਭੁਲੇਖਾ ਦਿੰਦਾ ਹੈ। ਕੰਨ ਕੋਈ ਆਵਾਜ਼ ਨਹੀਂ ਸੁਣਦੇ ਤੇ ਆਸ਼ਾ ਫਿਰ ਨਿਰਾਸ਼ਾ ਵਿਚ ਬਦਲ ਜਾਂਦੀ ਹੈ। ਮਹੀਨਾਂ ਦਸੰਬਰ ਦਾ ਹੈ, ਜਵਾਨੀ ਦੇ ਜੋਸ਼ ਵਿਚ ਆਈ ਹੋਈ ਸਰਦੀ ਘੁਪ ਹਨੇਰੇ ਵਿਚ ਵੀ ਆਪਣਾ ਰਾਹ ਨਹੀਂ ਭੁਲਦੀ।

"ਗੁਰਨਾਮ ! ਮੈਂ ਤੈਨੂੰ ਕਈ ਵੇਰ ਸਮਝਾ ਚੁਕਾ ਹਾਂ ਕਿ ਮੋਟਰ ਦੇ ਨਾਲ ਸਾਰਾ ਸਾਮਾਨ ਪੂਰਾ ਰਖਿਆ ਕਰ। ਹੁਣ ਸਿਰਫ਼ ਇਕ ਪੰਪ ਦੀ ਥੁੜ ਤੋਂ ਇਥੇ ਸੜਕ ਵਿਚਕਾਰ ਖੜੇ ਹਾਂ, ਭਾਰਾ ਕਪੜਾ ਵੀ ਆਪਣੇ ਪਾਸ ਕੋਈ ਨਹੀਂ," ਇਹ ਗਲ ਆਖਦਿਆਂ ਹਨੇਰੇ ਨੇ ਪਤਾ ਨਹੀਂ ਲਗਣ ਦਿਤਾ, ਕਿ ਜੀਤ ਸਿੰਘ ਦੇ ਚੌੜੇ ਮਥੇ ਤੇ ਕਿਤਨੇ ਵਟ ਹਨ।

ਨੰਦ ਲਾਲ ਨੇ ਸਿਗਰਟ ਦਾ ਧੂੰਆਂ ਛਡਦਿਆਂ ਕਿਹਾ, "ਸਾਨੂੰ ਤੇ ਭਾਰੇ ਕਪੜੇ ਦੀ ਲੋੜ ਨਹੀਂ।"

"ਅਜ ਬੜੇ ਖ਼ਰਾਬ ਹੋਏ," ਕਿਸੇ ਦੇ ਮੂੰਹ ਵਿਚ ਹੀ ਇਹ ਗਲ ਸੀ ਕਿ ਕਾਲਕਾ ਵਾਲੇ ਪਾਸਿਉਂ ਤੇਜ਼ੀ ਨਾਲ ਭਜੀ ਆਉਂਦੀ ਰੋਸ਼ਨੀ ਦੀ ਝਲਕ ਵਜੀ। ਐਦਕਾਂ ਕੰਨਾਂ ਨੇ ਨਾਲ ਕੁਝ ਆਵਾਜ਼ ਵੀ ਸੁਣੀ। ਨੰਦ ਲਾਲ ਤੋਂ ਬਗੈਰ ਜੋ ਪੰਚਰ ਮੋਟਰ ਵਿਚ ਹੀ ਬੈਠਾ ਸੀ, ਸਾਰਿਆਂ ਨੇ ਆਪਣੇ ਦੋਵੇਂ ਹਥ ਖੜੇ ਕੀਤੇ, ਪਰ ਟਰੱਕ ਦੇ ਡਰਾਈਵਰ ਨੇ ਜਾਣੋ ਉਨ੍ਹਾਂ ਨੂੰ ਵੇਖਿਆ ਹੀ ਨਹੀਂ।

ਨਿਰਾਸਤਾ ਇਨ੍ਹਾਂ ਨੂੰ ਧਰਤੀ ਤੇ ਬਿਠਾ ਦਿੰਦੀ, ਪਰ ਆਸ਼ਾ

ਦੀ ਇਕ ਹੋਰ ਝਲਕ ਉਠੀ। ਪਿਛੋਂ ਆਉਂਦਾ ਇਕ ਹੋਰ ਛਕੜਾ ਇਨ੍ਹਾਂ ਪਾਸ ਆਣ ਕੇ ਜ਼ਰਾ ਕੁਝ ਰੁਕਿਆ ਪਰ 'ਪੰਪ' ਦੀ ਮੰਗ ਦਾ ਉਤਰ 'ਮੇਰੇ ਪਾਸ ਹੈ ਨਹੀਂ' ਦੇ ਕੇ ਉਹ ਵੀ ਤੁਰਦਾ ਹੋਇਆ।

: ੨ :

ਚੂਹਾ ਅੱਖਾਂ ਮੀਟ ਕੇ ਬਿੱਲੀ ਦੇ ਡਰ ਤੋਂ ਮੁਕਤ ਹੋਣਾ ਚਾਹੁੰਦਾ ਹੈ। ਇਨ੍ਹਾਂ ਸਾਰਿਆਂ ਜਣਿਆਂ ਨੇ ਪੰਚਰ ਮੋਟਰ ਅੰਦਰ ਬੈਠ ਮੋਢਿਆਂ ਵਿਚ ਸਿਰ ਲੁਕਾ ਕੇ ਅੱਖਾਂ ਮੀਟ ਲਈਆਂ। ਇਨ੍ਹਾਂ ਦੇ ਖ਼ਿਆਲ ਵਿਚ ਇਨ੍ਹਾਂ ਦੇ ਅੱਖਾਂ ਮੀਟ ਲੈਣ ਨਾਲ ਸਰਦੀ ਆਪਣਾ ਰਾਹ ਭੁਲ ਜਾਵੇਗੀ। "ਇਸ ਨਾਲੋਂ ਤਾਂ ਕੈਲੜ ਹੀ ਰਹਿ ਜਾਂਦੇ ਅਬਦੁਲ ਗ਼ੁਫ਼ਾਰ ਖ਼ਾਂ ਕਿਤਨੀ ਜ਼ਿਦ ਕਰਦਾ ਸੀ, ਉਸ ਦੀ ਸਖ਼ਤ ਮਰਜ਼ੀ ਸੀ ਕਿ ਅਸੀਂ ਦੂਜੇ ਦਿਨ ਦਾ ਜੋੜ ਮਲਾ ਵੇਖ ਕੇ ਜਾਈਏ।" ਨੰਦ ਲਾਲ ਦੀ ਗਲ ਸੁਣ ਕੇ ਗੁਰਮੁਖ ਸਿੰਘ ਨੇ ਕਿਹਾ, "ਸਾਨੂੰ ਇਸ ਗਲ ਦਾ ਕੀ ਪਤਾ ਸੀ।"

ਰੋਸ਼ਨੀ ਦੀ ਇਕ ਤੇਜ਼ ਝਲਕ ਦੇ ਨਾਲ ਜ਼ੋਰ ਦੇ ਹਾਰਨ ਦੀ ਆਵਾਜ਼ ਸਾਡੇ ਕੰਨਾਂ ਨੇ ਸੁਣੀ, ਇਕ ਬਯੂਕ ਕਾਰ ਇਸ ਪੰਚਰ ਕਾਰ ਦੇ ਸਜੇ ਪਾਸਿਉਂ ਲੰਘ ਕੇ ਸੜਕ ਦੇ ਖਬੇ ਪਾਸੇ ਰੁਕ ਗਈ। ਜੀਤ ਸਿੰਘ ਦੌੜ ਕੇ ਨੇੜੇ ਹੋਇਆ, 'ਪੰਪ' ਦਾ ਲਫ਼ਜ਼ ਅਜੇ ਉਸਦੇ ਮੂੰਹ ਵਿਚ ਹੀ ਸੀ ਕਿ ਇਕ ਗੋਰੇ ਰੰਗ ਦਾ ਬੂਟਿਡ ਸੂਟਿਡ ਜਵਾਨ ਬਯੂਕ ਵਿਚੋਂ ਨਿਕਲ ਕੇ ਪੰਪ ਸਮੇਤ ਆਪਣੇ ਡਰਾਈਵਰ ਨੂੰ ਨਾਲ ਲੈ ਕੇ ਪੰਚਰ ਮੋਟਰ ਦੇ ਸਿਰ ਤੇ ਆਣ ਖਲੋਤਾ, ਜਿਵੇਂ ਉਸ ਨੂੰ ਰਾਹ ਵਿਚ ਖੜੋਤਿਆਂ ਦੀ ਸਾਰੀ ਤਕਲੀਫ ਦਾ ਪਹਿਲਾਂ ਹੀ ਪਤਾ ਹੈ। ਜੀਤ ਸਿੰਘ ਨੇ ਇਸ ਗੋਰੇ ਬਦੇਸ਼ੀ ਨਾਲ ਨੰਦ ਲਾਲ

ਤੇ ਗੁਰਮੁਖ ਸਿੰਘ ਦੀ ਜਾਣ ਪਛਾਣ ਕਰਵਾਂਦਿਆਂ ਕਿਹਾ, "ਇਹ ਦਿਲੀ ਦੀ ਕਾਨੂੰਨ ਘੜਨੀ ਸਭਾ ਦੇ ਮੈਂਬਰ ਹਨ ।" ਗੋਰੇ ਜਵਾਨ ਨੇ ਬੜੇ ਆਦਰ ਸਹਿਤ ਇਨ੍ਹਾਂ ਨਾਲ ਹਥ ਮਿਲਾਏ, ਪਰ ਉਸ ਦੀ ਮਿਠੀ ਜੇਹੀ ਮੁਸਕ੍ਰਾਹਟ ਤੋਂ ਇਉਂ ਜਾਪਿਆ, ਜਿਵੇਂ ਉਸ ਦਾ ਮਨ ਕਹਿ ਰਿਹਾ ਹੈ ਕਿ ਜੇ ਇਹ ਮੈਂਬਰ ਨਾ ਵੀ ਹੁੰਦੇ ਤਦ ਵੀ ਉਸ ਮੋਟਰ ਖੜੀ ਕਰਕੇ ਇਨ੍ਹਾਂ ਦੀ ਮਦਦ ਕਰਨੀ ਸੀ। ਗੋਰਾ ਜਵਾਨ ਆਪਣੇ ਡਰਾਈਵਰ ਨੂੰ ਹਦਾਇਤਾਂ ਦੇ ਕੇ ਪੰਚਰ ਪਹੀਏ ਨੂੰ ਠੀਕ ਕਰਵਾਣ ਵਿਚ ਰੁਝ ਗਿਆ। ਕਿਸੇ ਕਿਸੇ ਵੇਲੇ ਉਹ ਆਪਣੇ ਹਥੀਂ ਵੀ ਕੰਮ ਕਰਦਾ ਸੀ । ਜੀਤ ਸਿੰਘ ਨੇ ਪੁਛਿਆ, "ਆਪ ਅੰਬਾਲੇ ਬਰ੍ਹਮਾ ਸ਼ੈਲ ਦੇ ਮੈਨੇਜਰ ਹੋ ? 'ਹਾਂ' ਵਿਚ ਉਤ੍ਰ ਸੁਣ ਕੇ ਜੀਤ ਸਿੰਘ ਨੇ ਕਿਹਾ, "ਤੁਹਾਨੂੰ ਦੇਰ ਹੁੰਦੀ ਹੈ, ਅਸੀਂ ਪੰਪ ਸਵੇਰੇ ਤੁਹਾਡੀ ਕੰਪਨੀ ਵਿਚ ਪੁਚਾ ਦਿਆਂਗੇ, ਤੁਸੀਂ ਬੇਸ਼ਕ ਜਾਉ ।"

ਗੋਰੇ ਜਵਾਨ ਨੇ ਕਿਹਾ, "ਪੰਪ ਦੀ ਕੋਈ ਗਲ ਨਹੀਂ ।"

ਪੰਚਰ ਠੀਕ ਕਰਦਿਆਂ-ਕਰਾਂਦਿਆਂ ਅਧਾ ਘੰਟਾ ਲਗ ਗਿਆ, ਗੁਰਨਾਮ ਦੇ ਮੋਟਰ ਚਾਲੂ ਕਰਨ ਦੀ ਢਿਲ ਸੀ, ਉਹ ਜਵਾਨ ਸਟ ਸਰੀ ਕਾਲ (ਸਤ ਸ੍ਰੀ ਅਕਾਲ) ਆਖ ਕੇ ਇਤਨੀ ਤੇਜ਼ੀ ਨਾਲ ਬਯੂਕ ਵਿਚ ਜਾ ਬੈਠਾ ਕਿ 'ਧੰਨਵਾਦ' ਜੀਤ ਸਿੰਘ ਦੇ ਮੂੰਹ ਵਿਚ ਹੀ ਰਿਹਾ ।

: ੩ :

ਦੂਜੇ ਦਿਨ ਨੰਦ ਲਾਲ ਤੇ ਗੁਰਮੁਖ ਸਿੰਘ ਪਾਸ ਦੂਜੀ ਮੋਟਰ ਸੀ, ਹੁਸ਼ਿਆਰ ਪੁਰੋਂ ਹੋ ਕੇ ਰਾਤ ਉਹ ਦੇਰ ਨਾਲ ਮੁੜੇ। ਮੁੜਦਿਆਂ ਲਹਿਣਾ ਸਿੰਘ ਵੀ ਨਾਲ ਸੀ। ਠੀਕ ਨੌ ਬਜੇ ਲੁਧਿਆਨੇ ਤੋਂ

੧੮ ਮੀਲਾਂ ਤੇ ਹੀ ਮੋਟਰ ਦੇ ਅਗਲੇ ਸਜੇ ਚਕੇ ਚੋਂ ਬਹੁਤ ਸਾਰੀ ਫੂਕ ਨਿਕਲ ਗਈ। ਇਕ ਇਕ ਕਰਦਿਆਂ ਅਣਗਿਣਤ ਛਕੜੇ ਲਾਰੀਆਂ ਤੇ ਮੋਟਰਾਂ ਲੰਘੀਆਂ। ਕਿਸੇ ਨੇ ਤਾਂ ਖੜੇ ਹੋਣ ਦੀ ਖੇਚਲ ਹੀ ਨਾ ਕੀਤੀ, ਜੇਹੜਾ ਖੜੋਤਾ ਉਸ ਨੇ ਕਿਹਾ, 'ਪੰਪ ਹੈ ਨਹੀਂ।' ਜਦ ਕੋਈ ਲਾਰੀ ਖੜੀ ਹੁੰਦੀ, ਨੰਦ ਲਾਲ ਤੇ ਲਹਿਣਾ ਸਿੰਘ ਆਪਣੀ ਗਾਂਧੀ ਟੋਪੀ ਸਿਰ ਤੇ ਰਖ ਕੇ ਅਗੇ ਹੋ ਜਾਂਦੇ। ਲਹਿਣਾ ਸਿੰਘ ਬਾਬਤ ਗੁਰਮੁਖ ਸਿੰਘ ਨੇ ਇਕ ਵੇਰਾਂ ਅਗੇ ਹੋ ਕੇ ਇਹ ਵੀ ਆਖ ਦਿਤਾ ਕਿ ਇਹ ਟ੍ਰਾਂਸਪੋਰਟ ਅਥਾਰਿਟੀ ਦਾ ਪ੍ਰਧਾਨ ਹੈ। ਪਰ ਪੰਪ ਦੀ ਹੋਂਦ ਦਾ ਇਕਬਾਲ ਫਿਰ ਵੀ ਕਿਸੇ ਨਾ ਕੀਤਾ। ਬਗੈਰ ਫੂਕ ਭਰਨ ਦੇ ਇਨ੍ਹਾਂ ਹੌਲੇ ਹੌਲੇ ਚਲਣਾ ਅਰੰਭ ਦਿਤਾ। ਅਧੀ ਰਾਤ ਨੂੰ ਲੁਧਿਆਣੇ ਪੁਜੇ, ਤੇ ਇਥੋਂ ਫੂਕ ਭਰ ਕੇ ਰਾਤੋ ਰਾਤ ਸਵੇਰੇ ਦਿੱਲੀ।

: ੪ :

ਕੇਂਦਰੀ ਕਾਨੂੰਨ ਘੜਨੀ ਸਭਾ ਦਾ ਸਮਾਗਮ ਸ਼ੁਰੂ ਹੈ। ਦਿਲੀ ਵਿਚ ਬੜੀਆਂ ਰੌਣਕਾਂ ਹਨ। ਸਭਾ ਦੇ ਪਰਧਾਨ ਡਾਕਟਰ ਰਾਜਿੰਦਰ ਪਰਸ਼ਾਦ ਹਰ ਇਕ ਮੈਂਬਰ ਨੂੰ ਬੜੀ ਖੁਲ੍ਹ ਦਿਲੀ ਨਾਲ ਆਪਣੇ ਖ਼ਿਆਲਾਤ ਪਰਗਟ ਕਰਨ ਦਾ ਮੌਕਾ ਦਿੰਦੇ ਹਨ। "ਤਰਮੀਮ ਨੰਬਰ ੬੧੭ ਸ਼੍ਰੀ ਨੰਦ ਲਾਲ।" ਪਰਧਾਨ ਅਸੰਬਲੀ ਦੇ ਆਵਾਜ਼ ਦੇਣ ਪੁਰ ਨਾਲ ਦੇ ਸਾਥੀ ਨੇ ਨੰਦ ਲਾਲ ਨੂੰ ਝੂਣ ਕੇ ਜਗਾਇਆ। ਨੰਦ ਲਾਲ ਨੇ ਅਖਾਂ ਮਲਦਿਆਂ ਬੈਂਚ ਤੋਂ ਉਠ ਕੇ ਆਖ ਦਿਤਾ, "Not Moving Sir" (ਨਹੀਂ ਪੇਸ਼ ਕਰਨੀ ਜੀ)

*